بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 10.02.2017

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

## ਅੱਜ ਦੁਨੀਆ ਨੂੰ ਵਾਸਤਵਿਕ ਇਸਲਾਮ ਜੇਕਰ ਕੋਈ ਸਿਖਾ ਸਕਦਾ ਹੈ ਤਾਂ ਉਹੋ ਸਿਖਾ ਸਕਦਾ ਹੈ ਜਿਸ ਨੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਮੰਨਿਆ ਅਤੇ ਆਪ ਰਾਹੀਂ ਇਸਲਾਮ ਦੀ ਹਕੀਕਤ ਨੂੰ ਪਛਾਣਿਆਂ

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 10 ਫ਼ਰਵਰੀ 2017 ਈ. ਨੂੰ ਮਸਜਿਦ ਬੈਤੁਲ ਫ਼ਤੂਹ (ਲੰਦਨ) ਵਿੱਚ ਦਿੱਤਾ ।**

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਦੁਨੀਆਂ ਵਿੱਚ ਅਧਿਕਤਰ ਦੇਖਣ ਵਿੱਚ ਆਉਂਦਾ ਹੈ ਕਿ ਮਨੁੱਖ ਦੁਨੀਅਦਾਰੀ ਵਿੱਚ ਡੁਬੱਦਾ ਚਲਾ ਜਾ ਰਿਹਾ ਹੈ । ਸੰਸਾਰਕ ਸਾਧਨਾ ਦੀ ਪ੍ਰਾਪਤੀ ਲਈ ਇਕ ਹਫੜਾ ਤਫੜੀ ਪਈ ਹੋਈ ਹੈ, ਇਕ ਦੌੜ ਲੱਗਰੀ ਹੋਈ ਹੈ । ਰੱਬ ਨੂੰ ਅਤੇ ਧਰਮ ਨੂੰ ਦੂਜਾ ਸਥਾਨ ਦਿਤੱਾ ਜਾ ਰਿਹਾ ਹੈ । ਸਗੋਂ ਅਜਿਹੇ ਦੁਨੀਆਦਾਰ ਹਨ ਅਤੇ ਇਹਨਾ ਦੀ ਗਿਣਤੀ ਵੱਧ ਰਹੀ ਹੈ ਜੋ ਰੱਬ ਦੇ ਹੀ ਇਨਕਾਰੀ ਹਨ ਅਤੇ ਧਰਮ ਨੂੰ ਇਕ ਵਿਅਰਥ ਚੀਜ਼ (ਨਊਜ਼ਬਿਲੱਾਹ) ਵਿਚਾਰ ਕਰਦੇ ਹਨ ਪਰ ਅਜਿਹੇ ਸਮੇਂ ਅਜਿਹੇ ਲੋਕ ਵੀ ਹਨ ਜੋ ਰੱਬ ਦੀ ਭਾਲ ਵਿੱਚ ਹਨ, ਜੋ ਰੱਬ ਵੱਲ ਲੈ ਜਾਣ ਵਾਲੇ ਮਾਰਗ ਦੀ ਭਾਲ ਵਿੱਚ ਹਨ, ਜੋ ਰੱਬ ਨਾਲ ਸੰਬੰਧ ਬਨਾਉਣਾ ਚਾਹੁੰਦੇ ਹਨ, ਜੋ ਸੱਚੇ ਧਰਮ ਨੂੰ ਪਛਾਨਣਾ ਚਾਹੁੰਦੇ ਹਨ । ਸੱਚੇ ਧਰਮ ਦੀ ਭਾਲ ਕਰਕੇ ਉਸ ਵਿੱਚ ਸ਼ਾਮਲ ਹੋਣਾ ਚਾਹੁੰਦੇ ਹਨ, ਉਸ ਲਈ ਦੁਆਵਾਂ ਕਰਦੇ ਹਨ, ਬੇਚੈਨ ਤੇ ਚਿੰਤਤ ਹੁੰਦੇ ਹਨ ਅਤੇ ਨਿਸ਼ਚੇ ਹੀ ਜੱਦ ਇਕ ਦਰਦ ਤੇ ਪੀੜ੍ਹਾ ਨਾਲ ਨੇਕ ਬੰਦੇ ਇਸ ਜਤਨ ਵਿੱਚ ਹੋਣ ਤਾਂ ਫਿਰ ਰੱਬ ਵੀ ਉਹਨਾਂ ਦਾ ਮਾਰਗ ਦਰਸ਼ਨ ਕਰਦਾ ਹੈ, ਉਹਨਾਂ ਨੂੰ ਸਿੱਧਾ ਮਾਰਗ ਦਿਖਾਉਂਦਾ ਹੈ । ਵੱਖ ਵੱਖ ਸਾਧਨਾ ਰਾਹੀਂ ਉਹਨਾਂ ਦੀ ਤਸੱਲੀ, ਸ਼ਾਂਤੀ ਤੇ ਹਕੀਕੀ ਧਰਮ ਨੂੰ ਸਮਝਣ ਦੇ ਸਾਧਨ ਕਰਦਾ ਹੈ, ਉਹਨਾਂ ਦੇ ਇਮਾਨ ਤੇ ਵਿਸ਼ਵਾਸ ਵਿੱਚ ਵਾਧਾ ਕਰਦਾ ਹੈ । ਇਸ ਯੁੱਗ ਵਿੱਚ ਰੱਬ ਦੀ ਨੇੜਤਾ ਪ੍ਰਾਪਤ ਕਰਨ ਅਤੇ ਉਸ ਦੇ ਧਰਮ ਨੂੰ ਸਮਝਣ ਲਈ ਰੱਬ ਨੇ ਆਪਣੇ ਵਾਦੇ ਅਨੁਸਾਰ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਸੱਚੇ ਗ਼ੁਲਾਮ ਨੂੰ ਮਸੀਹ ਮੌਊਦ ਅਤੇ ਮਹਦੀ ਮਾਹੂਦ ਦਾ ਸਥਾਨ ਦੇਕੇ ਭੇਜਿਆ ਅਤੇ ਦੁਨੀਆ ਨੂੰ ਕਿਹਾ ਕਿ ਆਪਣੀ ਸੱਚੀ ਅਤੇ ਹਕੀਕੀ ਤੜਪ ਦੇ ਸਾਧਨ ਪ੍ਰਾਪਤ ਕਰਨ

ਲਈ ਮਸੀਹ ਮੌਊਦ ਦੀ ਬੈਅਤ ਵਿੱਚ ਆਓ । ਰੱਬ ਦੀ ਨੇੜਤਾ ਦੇ ਮਾਰਗਾਂ ਨੂੰ ਹਾਸਲ ਕਰੋ । ਆਪਣੀਆਂ ਇਬਾਦਤਾਂ ਦੀ ਵਾਸਤਵਿਕਤਾ ਨੂੰ ਪ੍ਰਾਪਤ ਕਰੋ ਅਤੇ ਦੁਆਵਾਂ ਦੀ ਪਰਵਾਨਗੀ ਦੇ ਦ੍ਰਿਸ਼ ਦੇਖੋ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਇਸ ਸਮੇਂ ਮੈਂ ਕੁਝ ਅਜਿਹੀਆਂ ਗਲੱਾਂ ਪੇਸ਼ ਕਰਾਂਗਾ ਕਿ ਕਿਵੇਂ ਰੱਬ ਕੇਵਲ ਆਪਣੀ ਮਿਹਰ ਨਾਲ ਲੋਕਾਂ ਦੇ ਸੁਮਾਰਗ ਦੇ ਸਾਧਨ ਕਰਦਾ ਹੈ :

ਅਮੀਰ ਸਾਹਬ ਗੈਮਬੀਆ ਇਕ ਘਟਨਾ ਲਿਖੱਦੇ ਹਨ ਕਿ ਨਯਾ ਮੀਨਾ ਈਸਟ ਡਿਸਟ੍ਰਿਕਟ ਦੇ ਪਿੰਡ ਦੀ ਇਕ ਇਸਤਰੀ ਸਿਸਟਰ ਕਾਨੀ ਫ਼ਾਟੀ ਜਿਨ੍ਹਾ ਦੀ ਉਮਰ 60 ਸਾਲ ਹੈ ਬੀਤੇ ਦੱਸ ਸਾਲ ਤੋਂ ਪੈਰ੍ਹਾਂ ਦੇ ਕਸ਼ਟ ਵਿੱਚ ਗ੍ਰਿੱਸੀ ਹੋਈ ਸਨ ਅਤੇ ਕਿਤੋਂ ਵੀ ਉਹਨਾ ਦਾ ਇਲਾਜ ਨਹੀਂ ਹੋ ਰਿਹਾ ਸੀ । ਇਸ ਕਸ਼ਟ ਕਰਕੇ ਉਹ ਚਲੱਣ ਫਿਰ ਤੋਂ ਵੀ ਅਸਮਰਥ ਸਨ । ਇਲਾਜ ਸੰਬੰਧੀ ਆਪਣੇ ਪਿੰਡੋ ਦੂਰ ਬਨਸੰਗ ਖੇਤਰ ਵਿੱਚ ਗਈ ਜਿੱਥੇ ਇਤਫ਼ਾਕਨ ਐਮ.ਟੀ.ਏ. ਉਪੱਰ ਮੇਰਾ ਖ਼ੁਤਬਾ ਸੁਨਣ ਦਾ ਮੌਕਾ ਮਿਲ ਗਿਆ । ਉਕਤ ਇਸਤਰੀ ਜੱਦ ਆਪਣੇ ਪਿੰਡ ਵਾਪਸ ਆਈ ਤਾਂ ਸੁਪਨੇ ਵਿੱਚ ਵਿੱਚ ਉਹਨਾਂ ਨੂੰ ਦੱਸਿਆ ਗਿਆ ਕਿ ਤੁਸੀਂ ਟੀਵੀ ਉਪੱਰ ਜਿਸਨੂੰ ਦੇਖਿਆ ਸੀ ਉਸੇ ਦੇ ਮਗਰ ਚੱਲੋ ਕਿਉਕਿ ਉਹ ਸਹੀ ਤੇ ਮੁਕਤੀ ਦਾ ਮਾਰਗ ਤੁਹਾਨੂੰ ਦੱਸ ਰਿਹਾ ਹੈ । ਸੋ, ਉਕਤ ਇਸਤਰੀ ਨੇ ਇਸ ਸੁਪਨੇ ਦੇ ਬਾਦ ਬੈਅਤ ਕਰ ਲਈ । ਬੈਅਤ ਕਰਨ ਦੀ ਦੇਰ ਸੀ ਕਿ ਉਹਨਾਂ ਦੇ ਪੈਰ੍ਹ ਦਾ ਕਸ਼ਟ ਵੀ ਜਾਂਦਾ ਰਿਹਾ ਇਸ ਕਾਰਣ ਉਹਨਾਂ ਦੇ ਇਮਾਨ ਵਿੱਚ ਹੋਰ ਵੀ ਵਾਧਾ ਹੋਇਆ ਅਤੇ ਹੁਣ ਉਹ ਸਾਰੇ ਪਿੰਡ ਵਿੱਚ ਪ੍ਰਚਾਰ ਕਰਦੀ ਹਨ । ਲੋਕਾਂ ਨੂੰ ਦਸੱਦੀ ਹਨ ਕਿ ਕਿਵੇਂ ਉਹਨਾਂ ਦਾ ਕਸ਼ਟ ਜਮਾਤ ਵਿੱਚ ਸ਼ਾਮਲ ਹੋਣ ਦੀ ਬਰਕਤ ਨਾਲ ਜਾਂਦਾ ਰਿਹਾ ।

ਹਜ਼ੂਰ ਅਨਵਰ ਨੇ ਫ਼ਰਮਾਇਆ ਜੋ ਇਸ ਪ੍ਰਕਾਰ ਦੇ ਵਿਅਕਤੀਗੱਤ ਤਜੁਰਬੇ ਵਿੱਚੋਂ ਲੰਘਿਆ ਹੋਵੇ ਅਤੇ ਰੱਬ ਦਾ ਮਾਰਗਦਰਸ਼ਨ ਉਸ ਨੂੰ ਹੋਇਆ ਹੋਵੇ, ਨਿਸ਼ਚੇ ਹੀ ਉਹ ਆਪਣੇ ਇਮਾਨ ਵਿੱਚ ਮਜ਼ਬੂਤੀ ਹਾਸਲ ਕਰਦਾ ਚਲਾ ਜਾਂਦਾ ਹੈ । ਮੈਂਨੂੰ ਕਈ ਲੋਕ ਪਤੱਰ ਲਿਖੱਦੇ ਹਨ ਕਿ ਅਸੀਂ ਜਿਵੇਂ ਰੱਬ ਤੋਂ ਤਸੱਲੀ ਪ੍ਰਾਪਤ ਕਰਕੇ ਅਤੇ ਨਿਸ਼ਾਨ ਦੇਖਕੇ ਬੈਅਤ ਕੀਤੀ ਹੈ । ਸਾਡੇ ਇਮਾਨ ਨੂੰ ਕੋਈ ਵੀ ਨਹੀਂ ਹਿਲਾ ਸਕਦਾ । ਸਾਨੂੰ ਕਿਸੇ ਹੋਰ ਦਲੀਲਾਂ ਦੀ ਲੋੜ ਨਹੀਂ ਹੈ । ਕਈ ਲੋਕ ਵਿਰੋਧਤਾ ਵਿੱਚ ਐਨ੍ਹੇ ਡੀਠ ਹੋ ਜਾਂਦੇ ਹਨ ਕਿ ਅਕਲ ਦੀ ਗੱਲ ਸੁਣਨਾ ਹੀ ਨਹੀਂ ਚਾਹੁੰਦੇ । ਪਰ ਅਜਿਹੇ ਵੀ ਹਨ ਹੰਕਾਰ ਵਿੱਚ ਵਧੇ ਹੋਏ ਨਹੀਂ ਹਨ, ਉਹਨਾਂ ਵਿੱਚ ਕੁਝ ਹੱਦ ਤੱਕ ਮਨੁੱਖਤਾ ਹੈ ਤਾਂ ਅਜਿਹੇ ਲੋਕਾਂ ਦਾ ਫਿਰ ਰੱਬ ਮਾਰਗ ਦਰਸ਼ਨ ਕਰਦਾ ਹੈ । ਜੇਕਰ ਉਹ ਇਸ ਮਾਰਦਰਸ਼ਨ ਤੋਂ ਲਾਭ ਚੁੱਕ ਲੈਂਣ ਤਾਂ ਰੱਬ ਦੀਆਂ ਮਿਹਰਾਂ ਦੇ ਵਾਰਸ ਬਣ ਜਾਂਦੇ ਹਨ ।

ਅਜਿਹੀ ਹੀ ਇਕ ਘਟਣਾ ਸੀਰੀਆ ਦੇ ਇਕ ਵਿਅਕਤੀ ਅਹਮਦ ਸਾਹਬ ਦੀ ਹੈ । ਪਹਿਲਾਂ ਤਾਂ ਉਹ ਵਿਰੋਧਤਾ ਵਿੱਚ ਵੱਧਿਆ ਹੋਇਆ ਹੋਇਆ ਸੀ ਪਰ ਵਾਸਤਵਿਕਤਾ ਲਈ ਰੱਬ ਤੋਂ ਮਾਰਗਦਰਸ਼ਨਾ ਦਾ ਵਿਚਾਰ ਪੈਦਾ ਹੋਇਆ । ਕਹਿੰਦੇ ਹਨ ਕਿ ਅਹਮਦੀਆਂ ਨਾਲ ਮੇਰੇ ਸੰਬੰਧ ਸਨ । ਉਠੱਣਾ ਬੈਠਣਾ ਸੀ । ਬਾਹਰ ਮਿਲਦੇ ਜਾਂ ਮੇਰੇ ਘਰ ਵੀ ਆ ਜਾਂਦੇ ਸਨ । ਮੈਂ ਬਹੁਤ ਸਾਰੀਆਂ ਗੱਲਾਂ ਮਨ੍ਹਦਾ ਸੀ ਪਰ ਵਫ਼ਾਤੇ ਮਸੀਹ ਉਪੱਰ ਆਣਕੇ ਅੜ ਜਾਂਦਾ । ਇਸ ਦਾ ਕਾਰਣ ਇਹ ਸੀ ਕਿ ਮੈਂ ਇਕ ਲੰਮੇ ਸਮੇਂ ਤੋਂ ਮਸੀਹ ਦੇ ਆਕਾਸ਼ ਤੋਂ ਨਾਜ਼ਲ ਹੋਣ ਦਾ ਉਡੀਕਵਾਨ ਸੀ ਅਤੇ ਮਸੀਹ ਦੇ ਲਸ਼ਕਰ ਵਿੱਚ ਸ਼ਾਮਲ ਹੋਕੇ ਬੈਤੁਲ ਮੁਕਦੱਸ ਨੂੰ ਅਜ਼ਾਦ ਕਰਾਉਣ ਦੀ ਲੰਮੀ ਇਛੱਾ ਰੱਖੀ ਹੋਈ ਸੀ । ਵਫ਼ਾਤੇ ਮਸੀਹ ਬਾਰੇ ਸੁਣਕੇ ਮੇਰੇ ਅੰਦਰ ਦੀਆਂ ਸਾਰੀਆਂ ਗੁਪਤ ਭਾਵਨਵਾਂ ਚਕਨਾਚੂਰ ਹੋ ਗਈਆਂ । ਮਸੀਹ ਆਕਾਸ਼ ਤੋਂ ਨਹੀਂ ਉਤਰੇਗਾ ਤਾਂ ਮੈਂ ਜਿਹਾਦ ਕਿਵੇਂ ਕਰਾਂਗਾ ? ਕਹਿੰਦੇ ਹਨ ਕਿ ਇਕ ਦਿਨ ਮੇਰੇ ਘਰ ਕੁਝ ਅਹਮਦੀ ਬੈਠੇ ਹੋਏ ਸਨ, ਉਹਨਾਂ ਵਿੱਚ ਮੁਅਤਜ਼ਿਲ ਕਜ਼ਕ ਸਾਹਬ ਵੀ ਸਨ । ਇਸ ਸਮੇਂ ਜੋ ਵਫ਼ਾਤੇ ਮਸੀਹ ਦੇ ਵਿਸ਼ੇ ਉਪੱਰ ਬਹਿਸ ਸ਼ੁਰੂ ਹੋਈ ਤਾਂ ਮੈਂ ਕਿਹਾ ਕਿ ਤੁਸੀਂ ਅਹਮਦੀਆਂ ਨੂੰ ਰੱਬ ਦਾ ਵਾਸਤਾ ਦੇਕੇ ਕਹਿੰਦਾ ਹਾਂ ਕਿ ਅੱਜ ਦੇ ਬਾਦ

ਵਫ਼ਾਤੇ ਮਸੀਹ ਦੇ ਵਿਸ਼ੇ ਉਪੱਰ ਮੇਰੇ ਨਾਲ ਗੱਲ ਨਹੀਂ ਕਰਨੀ । ਇਸ'ਤੇ ਕਜ਼ਕ ਸਾਹਬ ਨੇ ਕਿਹਾ ਮੇਰੀ ਵੀ ਇਕ ਬਿਨਤੀ ਹੈ ਕਿ ਆਪ ਨੰ ਇਸ ਬਾਰੇ ਰੱਬ ਤੋਂ ਮਾਰਗ ਦਰਸ਼ਨਾ ਲਈ ਦੁਆ ਕਰਨੀ ਹੈ । ਕਹਿੰਦੇ ਹਨ ਕਿ ਇਹ ਗੱਲ ਮੈਂਨੂੰ ਬਹੁਤ ਪਸੰਦ ਆਈ ਅਤੇ ਮੈਂ ਉਸੇ ਸ਼ਾਮ ਰੱਬ ਦੀ ਹਜ਼ੂਰੀ ਵਿੱਚ ਸਜੱਦਿਆਂ ਵਿੱਚ ਰੋ ਰੋ ਕੇ ਦੁਆ ਕਰਨੀ ਸ਼ੁਰੂ ਕਰ ਦਿੱਤੀ । ਜੱਦ ਰਾਤ ਨੂੰ ਸੁਤੱਾ ਤਾਂ ਸੁਪਨੇ ਵਿੱਚ ਦੇਖਿਆ ਕਿ ਮੈਂ ਕਿਸੇ ਉੱਚੇ ਸਥਾਨ ਵੱਲ ਯਾਤਰਾ ਕਰ ਰਿਹਾ ਹਾਂ । ਮਾਰਗ ਵਿੱਚ ਇਕ ਭੁਰ ਭੁਰੀ ਜਿਹੀ ਧਰਤੀ ਦਾ ਟੋਟਾ ਆਉਂਦਾ ਹੈ ਜਿਸ'ਤੇ ਪੈਰ੍ਹ ਰਖੱਦਿਆਂ ਹੀ ਅਨੁਭਵ ਹੁੰਦਾ ਹੈ ਕਿ ਇਹ ਮੈਂਨੂੰ ਕਿਸੇ ਡੂੰਘੀ ਖਾਈ ਵਿੱਚ ਧੱਕ ਕੇ ਲੈ ਜਾ ਰਿਹਾ ਹੈ । ਇਸ ਚਿੰਤਾ ਵਿੱਚ ਇਕ ਵਿਅਕਤੀ ਮੈਂਨੂੰ ਮੋਢਿਓਂ ਫੜਕੇ ਉਠਾ ਲੈਂਦਾ ਹੈ ਅਤੇ ਕਹਿੰਦਾ ਹੈ ਅਬੂਹਸਨ ਹੁਣ ਇਸ ਥਾਂ ਉਕੱਾ ਹੀ ਨਹੀਂ ਆਉਣਾ ਅਤੇ ਵਿਸ਼ਵਾਸ ਕਰ ਲਓ ਕਿ ਈਸਾ ਅਲੈਹਿ ਸਲਾਮ ਫ਼ੌਤ ਹੋ ਚੁਕੇ ਹਨ । ਫਿਰ ਉਸ ਨੇ ਕਿਹਾ ਲਓ ਹੁਣ ਆਪਣੇ ਮਾਰਗ'ਤੇ ਚਲਦੇ ਰਹੋ । ਜੱਦ ਮੈਂ ਜਾਗਿਆ ਤਾਂ ਅਹਮਦੀ ਭਾਈ ਨੂੰ ਫ਼ੋਨ ਕਰਕੇ ਕਿਹਾ ਕਿ ਮੈਂ ਮੁਅਤਜ਼ਲ ਕਜ਼ਕ ਸਾਹਬ ਕੋਲ ਜਾਣਾ ਹੈ । ਅਸੀਂ ਦੋਵੇਂ ਮੁਤਜ਼ਲ ਕਜ਼ਕ ਸਾਹਬ ਕੋਲ ਪਹੁੰਚੇ ਤਾਂ ਦਾਖ਼ਲ ਹੁੰਦਿਆਂ ਹੀ ਦੀਵਾਰ ਉਪੱਰ ਲੱਗੀ ਇਕ ਤਸਵੀਰ ਨੂੰ ਦੇਖਕੇ ਮੈਂ ਠਿਠਕ ਗਿਆ ਅਤੇ ਪੁੱਛਿਆ ਕਿ ਇਹ ਕਿਸ ਦੀ ਤਸਵੀਰ ਹੈ । ਉਹਨਾ ਨੇ ਦੱਸਿਆ ਕਿ ਇਹ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਤਸਵੀਰ ਹੈ । ਇਹ ਸੁਣਦਿਆਂ ਹੀ ਮੈਂ ਕਿਹਾ ਕਿ ਮੈਂ ਹੁਣੇ ਹੀ ਬੈਅਤ ਕਰਨਾ ਚਾਹੁੰਦਾ ਹੈ ਕਿਉਂਕਿ ਮੇਰੇ ਕਮਰੇ ਦੀ ਦਿਵਾਰ ਉਪੱਰ ਲੱਗੀ ਇਹ ਤਸਵੀਰ ਉਸੇ ਵਿਅਕਤੀ ਦੀ ਸੀ ਜਿਸ ਨੇ ਮੈਂਨੂੰ ਸੁਪਨੇ ਵਿੱਚ ਮੋਢਿਓਂ ਫੜਕੇ ਦਲਦਲ ਜਿਹੀ ਮਿੱਟੀ ਵਿੱਚੋਂ ਕਢੱਕੇ ਕਿਹਾ ਸੀ ਕਿ ਹਜ਼ਰਤ ਈਸਾ ਅਲੈਹਿ ਸਲਾਮ ਫ਼ੌਤ ਹੋ ਚੁਕੇ ਹਨ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਅੱਜ ਕਲ ਬਹੁਤ ਸਾਰੇ ਲੋਕ ਹਨ ਜੋ ਐਮਟੀਏ ਰਾਹੀਂ ਵੀ ਵਾਸਤਵਿਕ ਇਸਲਾਮ ਦਾ ਗਿਆਨ ਹਾਸਲ ਕਰਕੇ ਅਹਮਦੀਅਤ ਵਿੱਚ ਦਾਖ਼ਲ ਹੁੰਦੇ ਹਨ । ਬੈਨਿਨ ਦੇ ਮੁਬਲੱਗ਼ ਨੇ ਲਿੱਖਿਆ ਕਿ ਇਕ ਖੇਤਰ ਦੇ ਚੀਫ਼ ਜੋ ਮੁਸ਼ਰਿਕ (ਮੂਰਤੀ ਪੂਜਕ) ਸਨ ਉਹਨਾਂ ਨੂੰ ਪ੍ਰਚਾਰ ਕੀਤਾ ਗਿਆ ਤਾਂ ਉਹ ਅਹਮਦੀ ਹੋਕੇ ਵਾਸਤਵਿਕ ਇਸਲਾਮ ਉਪੱਰ ਅਮਲ ਕਰਨ ਲੱਗ ਗਏ । ਉਹਨਾਂ ਦੇ ਖੇਤਰ ਵਿੱਚ ਇਕ ਮਸਜਿਦ ਦਾ ਉਦਘਾਟਨ ਹੋਇਆ ਤਾਂ ਉਸ ਮੌਕੇ ਉਹਨਾਂ ਨੇ ਜੋ ਭਾਸ਼ਣ ਦਿਤੱਾ ਉਸ ਦਾ ਕੁਝ ਭਾਗ ਉਹਨਾਂ ਦੀ ਜ਼ੁਬਾਨੀ ਹੀ ਬਿਆਨ ਕਰਦਾ ਹਾਂ, ਉਹ ਕਹਿੰਦੇ ਹਨ ਕਿ

ਮੈਂਨੂੰ ਸਮਝ ਨਹੀਂ ਆਉਂਦੀ ਕਿ ਗ਼ੈਰ ਅਹਮਦੀ ਜਮਾਤ ਅਹਦੀਆ ਦੀ ਵਿਰੋਧਤਾ ਕਿਉਂ ਕਰਦੇ ਹਨ ! ਅੱਜ ਜਮਾਤ ਅਹਮਦੀਆ ਹੀ ਤਾਂ ਇਸਲਾਮ ਦਾ ਸੰਦੇਸ਼ ਦੁਨੀਆ ਦੇ ਕੰਢਿਆਂ ਤੱਕ ਪਹੁੰਚਾ ਰਹੀ ਹੈ । ਮੈਂ ਇਕ ਸਾਲ ਪਹਿਲਾਂ ਤੱਕ ਮੁਸ਼ਰਿਕ ਸੀ ਅਤੇ ਮੁਸ਼ਰਿਕਾਂ ਦਾ ਬਾਦਸ਼ਾਹ ਸੀ । ਜਮਾਤ ਅਹਮਦੀਆ ਦੇ ਮੁਬਲੱਗ਼ ਨੇ ਮੇਰੀ ਸੋਚ ਹੀ ਬਦਲ ਦਿੱਤੀ ਅਤੇ ਇਸਲਾਮ ਦਾ ਸਹੀ ਚਿਹਰਾ ਮੈਂਨੂੰ ਦਿਖਾਇਆ ਤਾਂ ਮੈਂ ਇਸਲਾਮ ਵਿੱਚ ਦਾਖ਼ਲ ਹੋ ਗਿਆ । ਜੇਕਰ ਜਮਾਤ ਅਹਮਦੀਆ ਇਸਾਈਆਂ ਤੇ ਮੁਸ਼ਰਿਕਾਂ ਨੂੰ ਇਸਲਾਮ ਵਿੱਚ ਲਿਆ ਰਹੀ ਹੈ ਤਾਂ ਤੁਹਾਨੂੰ ਇਸ ਨਾਲ ਕੀ ਕਸ਼ਟ ਹੈ । ਇਹ ਮਸਜਿਦ ਸਾਰਿਆਂ ਲੋਕਾਂ ਲਈ ਖੁੱਲੀ ਹੈ । ਰਬ ਦੀ ਇਬਾਦਤ ਲਈ ਜੇਕਰ ਇਕ ਇਸਾਈ ਵੀ ਮਸਜਿਦ ਵਿੱਚ ਆਵੇਗਾ ਤਾਂ ਉਸ ਨੂੰ ਰੋਕਿਆ ਨਹੀਂ ਜਾਵੇਗਾ । ਤੁਸੀ ਲੋਕ ਵਿਰੋਧਥਾ ਛੱਡੋ ਤੇ ਅੰਦਰ ਆ ਕੇ ਦੇਖੋ । ਏਥੇ ਕੇਵਲ ਪ੍ਰੇਮ ਅਮਨ ਤੇ ਭਾਈਚਾਰਾ ਮਿਲੇਗਾ । ਜਮਾਤ ਅਹਮਦੀਆ ਕੇਵਲ ਤੇ ਕੇਵਲ ਦੁਨੀਆ ਦੀ ਭਲਾਈ ਚਾਹੁੰਦੀ ਹੈ । ਇਹ ਕਹਿਣ ਲੱਗੇ ਕਿ ਮੇਰਾ ਦਿਲ ਕਰਦਾ ਹੈ ਕਿ ਮੈਂ ਮਸਜਿਦ ਨਾਲ ਇਕ ਘਰ ਬਣਾਵਾਂ ਅਤੇ ਹਰ ਆਉਣ ਵਾਲੇ ਨੂੰ ਦੱਸਾਂ ਕਿ ਜਮਾਤ ਅਹਮਦੀਆ ਹੀ ਸਚੱਾ ਇਸਲਾਮ ਹੈ ।

ਹਜ਼ੂਰ ਅਨਵਰ ਨੇ ਫ਼ਮਾਇਆ : ਇਕ ਪਾਸੇ ਤਾਂ ਉਹ ਲੀਡਰ ਮੌਲਵੀ ਹਨ ਜੋ ਇਸਲਾਮ ਦੇ ਨਾਂ'ਤੇ ਦੰਗੇ ਫ਼ਸਾਦ ਪੈਦਾ ਕਰ ਰਹੇ ਹਨ । ਹੰਕਾਰ ਨਾਲ ਭਰੇ ਹੋਏ ਹਨ । ਆਪਣੀਆਂ ਵਿਅਕਤੀਗੱਤ ਹਉਮੈ ਕਰਕੇ ਮੁਸਲਮਾਨ ਤੋਂ

ਮੁਸਲਮਾਨ ਦਾ ਕਤਲ ਕਰਵਾ ਰਹੇ ਹਨ ਦੂਜੇ ਪਾਸੇ ਰੱਬ ਨੂੰ ਕਿਸੇ ਮੁਸ਼ਰਿਕ ਦੀ ਕੋਈ ਨੇਕੀ ਪਸੰਦ ਆਉਂਦੀ ਹੈ ਜਾਂ ਉਸ'ਤੇ ਮਿਹਰ ਕਰਦਾ ਹੈ ਤਾਂ ਉਸ ਨੂੰ ਇਸਲਾਮ ਦੀ ਸਿੱਖਿਆ ਉਪੱਰ ਅਮਲ ਕਰਨ ਵਾਲੇ ਦਾਵੇਦਾਰਾਂ ਲਈ ਵਾਸਤਵਕ ਇਸਲਾਮ ਦੀ ਸਿੱਖਿਆ ਦਸੱਣ ਅਤੇ ਦੰਗੇ ਫ਼ਸਾਦ ਤੋਂ ਬਚਣ ਲਈ ਸਿੱਖਿਆ ਦੇਣ ਵਾਲਾ ਖੜ੍ਹਾ ਕਰ ਦਿੰਦਾ ਹੈ ਤਾਂ ਇਹ ਹੈ ਰੱਬ ਦਾ ਕਰਮ । ਜੇਕਰ ਮਨੁੱਖ ਨਿਮਾਣਾ ਹੋਵੇ ਤਾਂ ਉਸ'ਤੇ ਮਿਹਰ ਕਰਦਾ ਹੈ ਪਰ ਜੇਕਰ ਹੰਕਾਰੀ ਹੋਵੇ ਤਾਂ ਉਹ ਲੱਖ ਨਮਾਜ਼ਾਂ ਪੜ੍ਹਨ ਵਾਲਾ ਹੈ, ਦੁਆਵਾਂ ਕਰਨ ਵਾਲਾ ਹੈ ਆਪਣੇ ਆਪ ਨੂੰ ਨੇਕ ਸਮਝਣ ਵਾਲਾ ਹੈ, ਹਾਜੀ ਹੈ ਪਰ ਰੱਬ ਵੱਲੋਂ ਸੁਮਾਰਗ ਪ੍ਰਾਪਤ ਨਹੀਂ ਹੁੰਦਾ ।

ਹਜ਼ਰਤ ਮਸੀਹ ਮੌਊਦ ਅਲੈਹਿ ਸਾਲਮ ਦੀ ਬੈਅਤ ਵਿੱਚ ਜੱਦ ਲੋਕ ਆਉਂਦੇ ਹਨ ਅਤੇ ਹਕੀਕੀ ਇਸਲਾਮ ਦਾ ਆਨੰਦ ਮਾਣਦੇ ਹਨ ਤਾਂ ਫਿਰ ਉਹਨਾਂ ਦੀ ਹਾਲਤਾਂ ਵਿੱਚ ਕੀ ਪਰਿਵਰਤਨ ਪੈਦਾ ਹੁੰਦਾ ਹੈ ਇਸ ਬਾਰੇ ਇਕ ਘਟਨਾ ਸਾਡੇ ਇਕ ਮੁਬਲੱਗ਼ ਲਿਖੱਦੇ ਹਨ ਕਿ ਕੈਮਰੂਨ ਦੇ ਦੌਰੇ ਸਮੇਂ ਇਕ ਰਿਟਾਇਰਡ ਫ਼ੌਜੀ ਬੈਅਤ ਕਰਕੇ ਜਮਾਤ ਵਿੱਚ ਦਾਖ਼ਲ ਹੋ ਗਏ । ਇਸ ਫ਼ੌਜੀ ਦਾ ਸੰਬੰਧ ਬੈਮੋਨ ਕਬੀਲੇ ਨਾਲ ਹੈ ਜਿੱਥੋਂ ਦੇ ਬਾਦਸ਼ਾਹ ਬੀਤੇ ਸਾਲ ਸਾਲਾਨਾ ਐਂਬੈਸੀ ਯੂਕੇ ਵਿੱਚ ਸ਼ਾਮਲ ਹੋਏ ਸਨ । ਇਸ ਵਾਰ ਜੱਦ ਕੈਮਰੂਨ ਦਾ ਦੌਰਾ ਕੀਤਾ ਤਾਂ ਇਹਨਾਂ ਨਾਲ ਮੁੜ ਮੁਲਾਕਾਤ ਹੋਈ, ਉਹਨਾਂ ਨੇ ਕਿਹਾ ਕਿ ਉਹ ਮਸਜਿਦ ਲਈ ਇਕ ਪਲਾਟ ਦੇਣਾ ਚਾਹੁੰਦੇ ਹਨ । ਮੈਂ ਅਤੇ ਸਦਰ ਸਾਹਬ ਜਮਾਤ ਪਲਾਟ ਦੇਖਣ ਲਈ ਗਏ ਤਾਂ ਦੇਖਿਆ ਕਿ ਉਹਨਾਂ ਨੇ ਇਸ ਪਲਾਟ ਵਿੱਚ ਇਕ ਬੇਸਮੈਂਟ ਪਹਿਲਾਂ ਹੀ ਬਣਾਈ ਹੋਈ ਹੈ ਓਥੇ ਉਸਾਰੀ ਹੋ ਰਹੀ ਸੀ । ਉਹਨਾਂ ਨੇ ਦੱਸਿਆ ਕਿ ਮੇਰੇ ਪਿਤਾ ਜੀ ਫ਼ੌਤ ਹੋ ਚੁਕੇ ਹਨ । ਉਹ ਮੇਰੇ ਸੁਪਨੇ ਵਿੱਚ ਆਏ ਅਤੇ ਉਹਨਾਂ ਨੇ ਕਿਹਾ ਕਿ ਤੁਸੀਂ ਇਸ ਥਾਂ ਆਪਣਾ ਘਰ ਨਹੀਂ ਸਗੋਂ ਮਸਜਿਦ ਬਣਾਓ । ਸੋ, ਮੈਂ ਨਿਰਣਾ ਕੀਤਾ ਹੈ ਕਿ ਇਕ ਪਲਾਟ ਤੇ ਬਿਲਡਿੰਗ ਜਮਾਤ ਦੇ ਨਾਂ ਕਰ ਦਿਆਂ ਤਾਂ ਜੋ ਜਮਾਤ ਇਸ ਥਾਂ ਮਸਜਿਦ ਦੀ ਉਸਾਰੀ ਕਰ ਸਕੇ ਅਤੇ ਵਾਹਵਾ ਵਡੱਾ ਪਲਾਟ ਹੈ ਲਗਭਗ ਹਜ਼ਾਰ ਵਰਗ ਮੀਟਰ । ਉਹਨਾਂ ਨੇ ਪਲਾਟ ਦੇ ਕਾਗਜ਼ ਵੀ ਜਮਾਤ ਦੇ ਨਾਂ ਕਰ ਦਿੱਤੇ ਹਨ । ਇੰਸ਼ਾਅਲੱਾਹ ਮਸਜਿਦ ਦੀ ਉਸਾਰੀ ਹੋ ਜਾਵੇਗੀ ।

ਫਿਰ ਇਕ ਘਟਨਾ ਵਰਨਣ ਕਰਦਾ ਹਾਂ ਕਿ ਕਿਵੇਂ ਇਸਲਾਮ ਦਾ ਦਰਦ ਰਖੱਣ ਵਾਲੇ ਇਕ ਦੂਰ ਦੁਰਾਡੇ ਖੇਤਰ ਵਿੱਚ ਰਹਿਣ ਵਾਲੇ ਇਕ ਵਿਅਕਤੀ ਦੀ ਦੁਆ ਨੂੰ ਰੱਬ ਨੇ ਸੁਣਿਆਂ ਅਤੇ ਇਸਲਾਮ ਦੀ ਹਕੀਕੀ ਸਿੱਖਿਆ ਪ੍ਰਚਲਿਤ ਕਰਨ ਲਈ ਇਕ ਅਹਮਦੀ ਮੁਬਲੱਗ਼ ਨੂੰ ਉਸ ਕੋਲ ਭੇਜਿਆ । ਆਇਵਰੀ ਕੋਸਟ ਦੇ ਇਕ ਮੁਅਲੱਮ ਲਿਖੱਦੇ ਹਨ ਕਿ ਆਇਵਰੀ ਕੋਸਟ ਅਬੰਗਰੂ ਰੀਜਨ ਦੇ ਇਕ ਦੂਰ ਦੁਰਾਡੇ ਪਿੰਡ ਯਾਉ ਕੂਰੋ ਦੇ ਸਈਦੂ ਸਾਹਬ ਵਰਨਣ ਕਰਦੇ ਹਨ ਕਿ ਉਹਨਾਂ ਦੇ ਪਿੰਡ ਵਿੱਚ ਇਸਲਾਮ ਉਹਨਾ ਦੇ ਦਾਦੇ ਰਾਹੀਂ ਆਇਆ ਸੀ ਪਰ ਹੌਲੀ ਹੌਲੀ ਲੋਕ ਇਸਲਾਮ ਤੋਂ ਦੂਰ ਹੁੰਦੇ ਗਏ ਇੱਥੋਂ ਤੱਕ ਕਿ ਬਰਾਏ ਨਾਂ ਇਸਲਾਮ ਰਹਿ ਗਿਆ । ਸਈਦੂ ਸਾਹਬ ਕਹਿੰਦੇ ਹਨ ਕਿ ਮੈਂ ਬਹੁਤ ਵਾਰੀ ਦੁਆ ਕੀਤਾ ਕਰਦਾ ਸੀ ਕਿ ਰੱਬ ਅਜਿਹੇ ਸਾਧਨ ਪੈਦਾ ਕਰੇ ਕਿ ਪਿੰਡ ਦੇ ਲੋਕ ਇਸਲਾਮ ਦੀ ਅਸਲ ਸਿੱਖਿਆ ਉਪੱਰ ਅਮਲ ਕਰਨ ਵਾਲੇ ਹੋਣ । ਪਵਿਤੱਰ ਰਮਜਾਨ 2016 ਈ. ਦੇ ਆਰੰਭ ਵਿੱਚ ਇਹ ਦੁਆ ਕਰਦਿਆਂ ਕਰਦਿਆ ਮੇਰੀਆਂ ਅਖੱਾਂ ਵਿੱਚ ਹੰਝੂ ਆ ਗਏ । ਬਹੁਤ ਦਰਦ ਨਾਲ ਦੁਆ ਕੀਤੀ । ਇਸ ਦੇ ਇਕ ਦੋ ਦਿਨ ਬਾਦ ਹੀ ਜਮਾਤ ਅਹਮਦੀਆ ਦੇ ਮੁਬਲੱਗ਼ ਸਾਡੇ ਪਿੰਡ ਆਏ ਅਤੇ ਜਮਾਤ ਦਾ ਪਰੀਚੇ ਕਰਾਇਆ । ਇਹ ਗੱਲ ਮੇਰੇ ਲਈ ਬਹੁਤ ਇਮਾਨ ਵਧਾਊ ਸੀ ਕਿ ਸਾਡੇ ਦੂਰ ਦੁਰਾਡੇ ਪਿੰਡ ਵਿੱਚ ਵੀ ਕੋਈ ਰੱਬ ਵੱਲ ਬੁਲਾਉਣ ਵਾਲਾ ਇਸ ਪ੍ਰਕਾਰ ਇਸਲਾਮ ਦੇ ਪੁਨਰ ਉਥੱਾਨ ਦਾ ਸੰਦੇਸ਼ ਲੈਕੇ ਆਇਆ ਹੈ । ਮੁਬਲੱਗ਼ ਸਿਲਸਿਲਾ ਦੇ ਇਸ ਦੌਰੇ ਸਮੇਂ ਪਿੰਡ ਦੇ 55 ਵਿਅਕਤੀ ਬੈਅਤ ਕਰਕੇ ਜਮਾਤ ਵਿੱਚ ਸ਼ਾਮਲ ਹੋਏ ਅਤੇ ਇਸ ਪ੍ਰਕਾਰ ਜਮਾਤ ਅਹਮਦੀਆ ਕਰਕੇ ਅੱਜ ਅਸੀਂ ਇਸਲਾਮ ਦੀ ਸਹੀ ਸਿੱਖਿਆ ਉਪੱਰ ਅਮਲ ਕਰਨ ਵਾਲੇ ਬਣੇ ਹਨ ।

ਹਜ਼ੂਰ ਨਵਰ ਨੇ ਫ਼ਰਮਾਇਆ : ਰਤਾ ਗ਼ੋਰ ਕਰੋ ਇਕ ਪਾਸੇ ਤਾਂ ਪ੍ਰਗਤੀਸ਼ੀਲ ਦੇਸ਼ਾਂ ਵਿੱਚ ਰਹਿਣ ਵਾਲੇ ਲੋਕ ਹਨ, ਧਰਮ ਨੂੰ ਭੁਲਾ ਕੇ ਸੰਸਾਰਕ ਚੀਜਾਂ ਲਈ ਬੇ ਚੈਨ ਹਨ ਅਤੇ ਦੂਜੇ ਪਾਸੇ ਇਕ ਦੂਰ ਦੁਰਾਡੇ ਪਿੰਡ ਵਿੱਚ ਰਹਿਣ ਵਾਲਾ ਇਕ ਵਿਅਕਤੀ, ਅਫ਼ਰੀਕਾ ਦੇ ਖੇਤਰ ਵਿੱਚ, ਜਿਸ ਦੇ ਪਿੰਡ ਤੱਕ ਪੱਕੀ ਸੜਕ ਵੀ ਸੰਭਵਤਾ ਨਹੀਂ ਜਾਂਦੀ, ਜੋ ਦੁਨੀਆ ਦੀ ਸਹੂਲਤਾਂ ਤੋਂ ਵੀ ਮਹਿਰੂਮ ਹੈ ਪਰ ਮਨ ਵਿੱਚ ਇਕ ਤੜਪ ਰੱਖੀ ਹੋਈ ਹੈ, ਰੱਬ ਤੋਂ ਇਹ ਦੁਆ ਕਰਦਾ ਹੈ ਕਿ ਇਸਲਾਮ ਦੀ ਸਿੱਖਿਆ ਏਥੇ ਖ਼ਤਮ ਹੋ ਰਹੀ ਹੈ ਕਿਸੇ ਨੂੰ ਭੇਜ ਜੋ ਸਾਨੂੰ ਇਸਲਾਮ ਦੀ ਹਕੀਕੀ ਸਿੱਖਿਆ ਉਪੱਰ ਮੁੜ ਕਾਇਮ ਕਰੇ । ਅਤੇ ਫਿਰ ਰੱਬ ਦੀ ਤਕਦੀਰ ਨਾਲ ਮੁਹਮੱਦੀ ਮਸੀਹ ਦਾ ਇਕ ਗ਼ੁਲਾਮ ਇਸ ਖੇਤਰ ਤੱਕ ਪਹੁੰਚਦਾ ਹੈ ਅਤੇ ਉਹਨਾਂ ਨੂੰ ਇਸਲਾਮ ਬਾਰੇ ਦਸੱਦਾ ਹੈ ਕਿਉਂਕਿ ਅੱਜ ਦੁਨੀਆ ਨੂੰ ਹਕੀਕੀ ਇਸਲਾਮ ਜੇਕਰ ਕੋਈ ਸਿਖਾ ਸਕਦਾ ਹੈ ਤਾਂ ਉਹੋ ਸਿਖਾ ਸਕਦਾ ਹੈ ਜਿਸ ਨੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਮੰਨਿਆ ਹੈ ਅਤੇ ਆਪ ਰਾਹੀਂ ਇਸਲਾਮ ਦੀ ਵਾਸਤਵਿਕਤਾ ਨੂੰ ਪਛਾਨਿਆਂ ਹੈ ।

ਸੋ, ਸਾਡੇ ਵਿੱਚੋਂ ਹਰ ਇਕ ਦਾ ਇਹ ਕੰਮ ਹੈ ਕਿ ਪੀੜ੍ਹਾ ਨਾਲ ਇਸਲਾਮ ਦੀ ਹਕੀਕੀ ਸਿੱਖਿਆ ਨੂੰ ਦੁਨੀਆ ਵਿੱਚ ਫੈਲਾਉਣ ਅਤੇ ਹਰ ਇਕ ਵਿਅਕਤੀ ਤੱਕ ਪਹੁੰਚਾਉਣ ਲਈ ਦੁਆਵਾਂ ਵੀ ਕਰਨ ਅਤੇ ਜਤਨ ਵੀ ਕਰਨ । ਕਹਿਣ ਨੂੰ ਤਾਂ ਬਹੁਤ ਸਾਰੇ ਅਦਾਰੇ ਹਨ, ਤੰਜ਼ੀਮਾ ਹਨ, ਕਈ ਧੜੇ ਹਨ ਜੋ ਇਸਲਾਮ ਦੇ ਨਾਂ'ਤੇ ਕੰਮ ਕਰ ਰਹੇ ਹਨ ਹਨ । ਤਬਲੀਗ਼ੀ ਜਮਾਤ ਵੀ ਹੈ, ਪਰ ਲਗਭਗ ਹਰ ਕੋਈ ਆਪਣੇ ਵਿਅਕਤੀਗੱਤ ਹਿੱਤ ਪਿੱਛੇ ਪਿਆ ਹੋਇਆ ਹੈ । ਵਿਰੋਧਤਾ ਵਿੱਚ ਇਕ ਦੂਜੇ ਉਪੱਰ ਕੁਫ਼ਰ ਦੇ ਫ਼ਤਵੇ ਦੇਣ ਨੂੰ ਵੀ ਤਿਆਰ ਰਹਿੰਦੇ ਹਨ । ਉਹਨਾਂ ਨੇ ਇਸਲਾਮ ਦੀ ਕੀ ਸੇਵਾ ਕਰਨੀ ਹੈ । ਇਹ ਕੰਮ ਅੱਜ ਮੁਹਮੱਦੀ ਮਸੀਹ ਦੇ ਗ਼ੁਲਾਮਾ ਦਾ ਹੀ ਹੈ ਕਿ ਇਸਲਾਮ ਦਾ ਸੰਦੇਸ਼ ਪਹੁੰਚਾਉਣ । ਸਾਡੇ ਕੰਮ ਤਾਂ ਰੱਬ ਆਪ ਹੀ ਸੌਖੇ ਕਰ ਰਿਹਾ ਹੈ ਕਿਸੇ ਨੂੰ ਸੁਪਨਿਆਂ ਰਾਹੀਂ ਮਾਰਗਦਰਸ਼ਨ ਕਰ ਰਿਹਾ ਹੈ ਤਾਂ ਕਿਸੇ ਨੂੰ ਕਿਸੇ ਹੋ ਮਾਧਿਅਮ ਰਾਹੀਂ । ਜੇਕਰ ਅਸੀਂ ਬੈਅਤ ਦਾ ਹੱਕ ਅਦਾ ਕਰਨਾ ਹੈ ਤਾਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਸਹਾਇਕਾਂ ਵਿੱਚੋਂ ਬਣਨ ਦਾ ਜਤਨ ਕਰਨਾ ਚਾਹੀਦਾ ਹੈ । ਸਾਨੂੰ ਬੈਅਤ ਦੇ ਬਾਦ ਕਿਹੋ ਜਿਹਾ ਹੋਣਾ ਚਾਹੀਦਾ ਹੈ ਕੀ ਬਣਨਾ ਚਾਹੀਦਾ ਹੈ ਇਸ ਬਾਰੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ :

ਬੈਅਤ ਰਸਮੀ ਲਾਭ ਨਹੀ ਦਿੰਦੀ ਅਜਿਹੀ ਬੈਅਤ ਨਾਲ ਭਾਗੀਦਾਰ ਹੋਣਾ ਮੁਸ਼ਕਲ ਹੁੰਦਾ ਹੈ । ਫ਼ਰਮਾਇਆ ਕਿ ਉਸੇ ਸਮੇਂ ਭਾਗੀਦਾਰ ਹੋਵੇਗਾ ਜੱਦ ਆਪਣੇ ਆਪੇ ਨੂੰ ਤਿਆਗ ਕੇ ਪੂਰਨਤਾ ਪ੍ਰੇਮ ਅਤੇ ਖ਼ਾਲਸ ਹੋਕੇ ਉਸ ਨਾਲ ਹੋ ਜਾਵੇ । ਮੁਨਾਫ਼ਕ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਦੇ ਨਾਲ ਸਚੱਾ ਸੰਬੰਧ ਨ ਹੋਣ ਕਰਕੇ ਅਖੀਰ ਬੇ ਇਮਾਨ ਰਹੇ ਉਹਨਾਂ ਨੂੰ ਸਚੱਾ ਪ੍ਰੇਮ ਤੇ ਅਖ਼ਲਾਸ ਪੈਦਾ ਨ ਹੋਇਆ । ਇਸ ਲਈ ਦਿਖਾਵੇ ਦਾ ਲਾ ਇਲਾਹਾ ਇਲਲੱਾਹੁ ਉਹਨਾਂ ਦੇ ਕੰਮ ਨਹੀਂ ਆਇਆ । ਇਹਨਾਂ ਸੰਬੰਧਾਂ ਨੂੰ ਵਧਾਉਂਣਾ ਜ਼ਰੂਰੀ ਹੈ । ਜਿੱਥੋਂ ਤੱਕ ਸੰਭਵ ਹੋਵੇ ਉਸ ਇੰਸਾਨ ਅਰਥਾਤ ਮੁਰਸ਼ਦ ਦੇ ਰੰਗ ਵਿੱਚ ਰੰਗਿਆ ਜਾਵੇ । ਤਰੀਕਿਆਂ ਤੇ ਆਸਥਾਵਾਂ ਵਿੱਚ । ਜਿਸ ਨੂੰ ਮੰਨਿਆ ਹੈ । ਜਿਵੇਂ ਉਹ ਹੈ ਉਸੇ ਪ੍ਰਕਾਰ ਆਪ ਬਣਨ ਦਾ ਜਤਨ ਕਰੋ । ਫ਼ਰਮਾਇਆ ਉਮਰ ਦਾ ਕੋਈ ਭਰੋਸਾ ਨਹੀਂ, ਛੇਤੀ ਹੀ ਸੁਮਾਰਗ ਤੇ ਇਬਾਦਤ ਵੱਲ ਝੁਕੱਣਾ ਚਾਹੀਦਾ ਹੈ ਅਤੇ ਸਵੇਰ ਤੋਂ ਸ਼ਾਮ ਤੱਕ ਹਿਸਾਬ ਕਰਨਾ ਚਾਹੀਦਾ ਹੈ ਕਿ ਮੈਂ ਕਿਸ ਪ੍ਰਕਾਰ ਦਾ ਜੀਵਨ ਬਤੀਤ ਕਰ ਰਿਹਾ ਹਾਂ ।

ਰੱਬ ਨਵੇਂ ਆਉਣ ਵਾਲਿਆਂ ਨੂੰ ਵੀ ਇਮਾਨ ਤੇ ਵਿਸ਼ਵਾਸ਼ ਵਿੱਚ ਵਧਾਏ । ਆਸਥਾ ਤੇ ਕਰਮ ਦੇ ਪੱਖੋਂ ਉਹ ਤਰੱਕੀ ਕਰਨ ਵਾਲੇ ਹੋਣ । ਜੋ ਇਮਾਨ ਦੀ ਚਿੰਘਿਆੜੀ ਰੱਬ ਨੇ ਮਨਾਂ ਵਿੱਚ ਲਾਈ ਹੈ, ਅਹਮਦੀਅਤ ਅਤੇ ਹਕੀਕੀ ਇਸਲਾਮ ਨੂੰ ਕੁਬੂਲ ਕਰਨ ਦੇ ਬਾਦ ਉਹ ਇਸ ਇੱਸ ਵਿੱਚ ਵਧੱਦੇ ਜਾਣ । ਸ਼ੈਤਾਨ ਉਹਨਾਂ ਨੂੰ ਕਦੇ ਵੀ ਵਰਗਲਾਉਣ ਵਾਲਾ ਨ ਹੋਵੇ ਅਤੇ ਰੱਬ ਉਹਨਾਂ ਨੂੰ ਹਮੇਸ਼ਾ ਦ੍ਰਿੜ੍ਹ ਸੰਕਲਪ ਪ੍ਰਦਾਨ ਕਰੇ ਅਤੇ ਅਸੀਂ ਜੋ ਪੁਰਾਣੇ ਅਤੇ ਪੈਦਾਇਸ਼ੀ

ਅਹਮਦੀ ਹਨ ਸਾਨੂੰ ਵੀ ਰੱਬ ਆਪਣੇ ਇਮਾਨਾਂ ਨੂੰ ਵਧਾਉਣ ਅਤੇ ਹਰ ਸਮੇਂ ਇਸ ਵਿੱਚ ਚਮਕ ਪੈਦਾ ਕਰਨ ਦਾ ਸੰਜੋਕ ਪ੍ਰਦਾਨ ਕਰਦਾ ਰਹੇ । ਰੱਬ ਸਾਨੂੰ ਆਪਣੇ ਸੰਬੰਧ ਵਿੱਚ ਵੀ ਵਧੱਣ ਦਾ ਸਾਨੂੰ ਸੰਜੋਗ ਪ੍ਰਦਾਨ ਕਰੇ । ਕਦੇ ਕਿਸੇ ਨਵੇਂ ਆਉਣ ਵਾਲੇ ਲਈ ਕੋਈ ਠੋਕਰ ਦਾ ਸਬਬ ਨ ਬਣੇ ਅਤੇ ਹਮੇਸ਼ਾ ਦੁਨੀਆ ਨੂੰ ਸਿਧੱਾ ਮਾਰਗ ਦਿਖਾਉਣ ਵਾਲੇ ਹੋਣ । ਇਸ ਗੱਲ'ਤੇ ਖ਼ੁਸ਼ ਨ ਹੋਣ ਕਿ ਅਸੀਂ ਪੁਰਾਣੇ ਅਹਮਦੀ ਹਨ ਸਗੋਂ ਬੈਅਤ ਦਾ ਮੰਤਵ ਪੂਰਾ ਕਰਨ ਵਾਲੇ ਹੋਣ । ਸੰਸਾਰਕ ਸਾਧਨ ਸਾਡਾ ਟੀਚਾ ਨ ਹੋਣ ਸਗੋਂ ਰੱਬ ਦੀ ਰਜ਼ਾ ਹੋਵੇ ਅਤੇ ਅਸੀਂ ਛੇਤੀ ਤੋਂ ਛੇਤੀ ਹਕੀਕੀ ਇਸਲਾਮ ਨੂੰ ਦੁਨੀਆ ਵਿੱਚ ਫੈਲਦਾ ਹੋਇਆ ਦੇਖੀਏ ਤਾਂ ਜੋ ਦੁਨੀਆ ਨੂੰ ਦਸ ਸਕੀਏ ਕਿ ਤੁਸੀਂ ਜਿਸ ਨੂੰ ਦੁਨੀਆ ਲਈ ਹਾਨੀਕਾਰਕ ਸਮਝਦੇ ਸੀ ਉੱਹੋ ਹਕੀਕਤ ਵਿੱਚ ਤੁਹਾਡੇ ਲਈ ਅਤੇ ਦੁਨੀਆ ਲਈ ਮੁਕਤੀ ਦਾ ਸਾਧਨ ਹੈ ।

**Khulasa Khutba Jumma 10.02.2017**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131